# 100ਵੇਂ ਵਿਸ਼ਵ ਮਿਸ਼ਨ ਦਿਵਸ ਲਈ ਸੰਤ ਪਾਪਾ ਦਾ ਸੰਦੇਸ਼

## ਮਸੀਹ ਵਿੱਚ ਇੱਕ, ਮਿਸ਼ਨ ਵਿੱਚ ਇੱਕਜੁਟ

ਪਿਆਰੇ ਭਰਾਓ ਅਤੇ ਭੈਣੋਂ,

ਵਿਸ਼ਵ ਮਿਸ਼ਨ ਦਿਵਸ 2026 ਲਈ ਜੋ ਕਿ ਪੀਓਸ 11ਵੇਂ ਦੁਆਰਾ ਸਥਾਪਿਤ ਸਮਾਰੋਹ ਦੀ ਸ਼ਤਾਬਦੀ ਨੂੰ ਦਰਸਾਉਂਦਾ ਹੈ, ਕਲੀਸੀਆ ਲਈ ਬਹੁਤ ਸੁਹਾਵਣਾ ਹੈ, ਮੈਂ ਇੱਕ ਵਿਸ਼ਾ ਚੁਣਿਆ ਹੈ "ਮਸੀਹ ਵਿੱਚ ਇੱਕ–ਮਿਸ਼ਨ ਵਿੱਚ ਇੱਕਜੁੱਟ"। ਜੁਬਲੀ ਸਾਲ ਤੋਂ ਬਾਅਦ, ਮੈਂ ਸਮੁੱਚੀ ਕਲੀਸੀਆ ਨੂੰ ਪਵਿੱਤਰ ਆਤਮਾ ਦੀ ਖੁਸ਼ੀ ਅਤੇ ਗਰਮਜੋਸ਼ੀ ਨਾਲ ਆਪਣੀ ਮਸੀਹੀ ਯਾਤਰਾ ਨੂੰ ਜਾਰੀ ਰੱਖਣ ਲਈ ਉਤਸ਼ਾਹਿਤ ਕਰਨਾ ਚਾਹੁੰਦਾ ਹਾਂ। ਇਹ ਮਸੀਹ ਵਿੱਚ ਇੱਕਜੁਟ ਦਿਲ, ਮੁੜ–ਇਕੱਲੇ ਹੋਏ ਭਾਈਚਾਰਿਆਂ ਅਤੇ ਹਰੇਕ ਵਿੱਚ, ਉਦਾਰਤਾ ਅਤੇ ਵਿਸ਼ਵਾਸ ਨਾਲ ਸਹਿਯੋਗ ਕਰਨ ਦੀ ਇੱਛਾ ਦੀ ਮੰਗ ਕਰਦਾ ਹੈ।

ਜਿਵੇਂ ਕਿ ਅਸੀਂ ਮਸੀਹ ਵਿੱਚ ਇੱਕ ਹੋਣ ਅਤੇ ਮਿਸ਼ਨ ਵਿੱਚ ਜੁੜੇ ਹੋਣ 'ਤੇ ਵਿਚਾਰ ਕਰਦੇ ਹਾਂ, ਆਓ ਅਸੀਂ ਆਪਣੇ ਆਪ ਨੂੰ ਦੈਵੀ ਕ੍ਰਿਪਾ ਦੁਆਰਾ ਅਗਵਾਈ ਅਤੇ ਪ੍ਰੇਰਣਾ ਪਾਉਣ ਦੇ ਯੋਗ ਬਣਾਉਂਦੇ ਹੋਏ, "ਆਪਣੀ ਮਿਸ਼ਨਰੀ ਬੁਲਾਹਟ ਦੀ ਅੱਗ ਨੂੰ ਆਪਣੇ ਅੰਦਰ ਨਵਿਆਈਏ" ਅਤੇ ਕਲੀਸੀਆ ਦੇ ਇਤਿਹਾਸ ਵਿੱਚ ਇਸ "ਨਵੇਂ ਮਿਸ਼ਨਰੀ ਯੁੱਗ" ਵਿੱਚ, ਪ੍ਰਚਾਰ ਪ੍ਰਤੀ ਵਚਨਬੱਧਤਾ ਵਿੱਚ ਇਕੱਠੇ ਅੱਗੇ ਵਧੀਏ (ਪ੍ਰਵਚਨ, 5 ਅਕਤੂਬਰ, 2005, ਮਿਸ਼ਨਰੀ ਵਰਲਡ ਅਤੇ ਮਾਈਗ੍ਰੈਂਟਸ ਦੀ ਜੁਬਲੀ ਮੌਕੇ)।

### 1. ਮਸੀਹ ਵਿੱਚ ਇੱਕ - ਸਾਡੇ ਭਰਾਵਾਂ ਅਤੇ ਭੈਣਾਂ ਨਾਲ ਇੱਕਜੁਟ ਅਤੇ ਉਸ ਵਿੱਚ ਮਿਸ਼ਨਰੀ ਚੇਲੇ

ਮਸੀਹ ਨਾਲ ਏਕਤਾ ਦਾ ਭਦੇ ਮਿਸ਼ਨ ਦੇ ਕੇਂਦਰ ਵਿੱਚ ਹੈ। ਆਪਣੇ ਦੁਖਭੋਗ ਤੋਂ ਪਹਿਲਾਂ ਪ੍ਰਭੂ ਯਿਸੂ ਨੇ ਬਾਪ ਅੱਗੇ ਪ੍ਰਾਰਥਨਾ ਕੀਤੀ ਕਿ, "ਉਹ ਸਾਰੇ ਇੱਕ ਹੋਣ, ਜਿਵੇਂ ਤੂੰ ਐ ਬਾਪ, ਮੇਰੇ ਵਿੱਚ ਅਤੇ ਮੈਂ ਤੇਰੇ ਵਿੱਚ ਹਾਂ, ਉਹ ਵੀ ਸਾਡੇ ਵਿੱਚ ਹੋਣ" (ਸੰਤ ਯੂਹੰਨਾਹ 17:21)। ਇਹ ਸ਼ਬਦ ਪ੍ਰਭੂ ਯਿਸੂ ਦੀ ਗਹਿਰੀ ਇੱਛਾ ਨੂੰ ਪ੍ਰਗਟ ਕਰਦੇ ਹਨ, ਨਾਲ ਦੀ ਨਾਲ ਕਲੀਸੀਆ ਦੀ

ਪਛਾਣ ਨੂੰ ਉਸਦੇ ਚੇਲਿਆਂ ਦੇ ਇੱਕ ਭਾਈਚਾਰੇ ਵਜੋਂ। ਅਰਥਾਤ ਇੱਕ ਭਾਈਚਾਰਾ ਜੋ ਪਾਕ ਤਸਲੀਸ ਤੋਂ ਵਹਿੰਦਾ ਹੈ ਅਤੇ ਪਾਕ ਤਸਲੀਸ ਦੁਆਰਾ ਹੀ ਸੁਰੱਖਿਆ ਪ੍ਰਾਪਤ ਕਰਦਾ ਹੈ। ਮਸੀਹੀ ਹੋਣਾ, ਮਸੀਹ ਨਾਲ ਏਕਤਾ ਵਿੱਚ ਇੱਕ ਜੀਵਨ ਹੈ, ਜਿਸ ਵਿੱਚ ਅਸੀਂ ਪਵਿੱਤਰ ਆਤਮਾ ਵਿੱਚ ਖ਼ੁਦਾ ਬਾਪ ਨਾਲ ਉਸਦੇ ਪਾਵਨ ਰਿਸ਼ਤੇ ਵਿੱਚ ਭਾਗ ਲੈਂਦੇ ਹਾਂ। ਇਸਦਾ ਅਰਥ ਹੈ ਮਸੀਹ ਵਿੱਚ ਰਹਿਣਾ, ਜਿਵੇਂ ਕਿ ਅੰਗੂਰੀ ਵੇਲ ਦੀਆਂ ਟਹਿਣੀਆਂ (ਦੇਖੋ ਸੰਤ ਯੂਹੰਨਾਹ 15:4)।

"ਮਸੀਹ ਵਿੱਚ ਇੱਕ ਹੋਣਾ" ਸਾਨੂੰ ਆਪਣੀ ਨਿਗਾਹ ਪ੍ਰਭੂ 'ਤੇ ਟਿਕਾਈ ਰੱਖਣ ਲਈ ਕਹਿੰਦਾ ਹੈ, ਤਾਂ ਜੋ ਉਹ ਸੱਚਮੁੱਚ ਸਾਡੇ ਜੀਵਨਾਂ ਅਤੇ ਭਾਈਚਾਰਿਆਂ ਦੇ ਕੇਂਦਰ ਵਿੱਚ ਹੋਵੇ, ਹਰ ਸ਼ਬਦ, ਕਿਰਿਆ ਅਤੇ ਆਪਸੀ ਵਿਅਕਤੀਗਤ ਸੰਬੰਧਾਂ ਦਾ ਕੇਂਦਰ ਜੋ ਸਾਨੂੰ ਹੈਰਾਨੀਜਨਕ ਢੰਗ ਨਾਲ ਇਹ ਕਹਿਣ ਲਈ ਪ੍ਰੇਰਿਤ ਕਰਦਾ ਹੈ : "ਹੁਣ ਮੈਂ ਨਹੀਂ ਹਾਂ ਜੋ ਜੀਉਂਦਾ ਹਾਂ, ਪਰ ਇਹ ਮਸੀਹ ਹੈ ਜੋ ਮੇਰੇ ਵਿੱਚ ਜੀਉਂਦਾ ਹੈ" (ਗਲਾਤੀਆ 2:20)। ਉਸਦੇ ਵਚਨ ਨੂੰ ਲਗਾਤਾਰ ਸੁਣ ਕੇ ਅਤੇ ਸਾਕਰਾਮੈਂਟਾਂ ਦੀ ਕਿਰਪਾ ਦੁਆਰਾ ਸਾਡੇ ਲਈ ਕਲੀਸੀਆ ਵਿੱਚ ਜੀਵਤ ਪੱਥਰ ਬਣਨਾ ਸੰਭਵ ਹੋਵੇਗਾ। ਇਸ ਲਈ, ਅਸੀਂ ਮਸੀਹ ਵਿੱਚ ਜਿੰਨੇ ਜ਼ਿਆਦਾ ਇੱਕਜੁਟ ਹੋਵਾਂਗੇ, ਓਨੇ ਹੀ ਬਿਹਤਰ ਢੰਗ ਨਾਲ ਅਸੀਂ ਉਸ ਮਿਸ਼ਨ ਨੂੰ ਪੂਰਾ ਕਰਨ ਦੇ ਯੋਗ ਹੋਵਾਂਗੇ ਜੋ ਉਹ ਸਾਨੂੰ ਸੌਂਪਦਾ ਹੈ।

2. ਮਿਸ਼ਨ ਵਿੱਚ ਇੱਕਜੁੱਟਤਾ - ਤਾਂ ਜੋ ਸੰਸਾਰ ਪ੍ਰਭੂ ਯਿਸੂ ਮਸੀਹ ਵਿੱਚ ਵਿਸ਼ਵਾਸ ਕਰੇ

ਚੇਲਿਆਂ ਦੀ ਏਕਤਾ ਆਪਣੇ ਆਪ ਵਿੱਚ ਕੋਈ ਅੰਤ ਨਹੀਂ ਹੈ - ਇਹ ਮਿਸ਼ਨ ਵੱਲ ਨਿਰਦੇਸ਼ਿਤ ਹੈ। ਪ੍ਰਭੂ ਯਿਸੂ ਸਪੱਸ਼ਟ ਤੌਰ ਤੇ ਇਹ ਕਹਿੰਦੇ ਹਨ : "ਤਾਂ ਜੋ ਸੰਸਾਰ ਵਿਸ਼ਵਾਸ ਕਰੇ ਕਿ ਤੂੰ ਮੈਨੂੰ ਭੇਜਿਆ ਹੈ" (ਯੂਹੰਨਾਹ 17:21)। ਇਹ ਇੱਕ ਮੇਲ-ਮਿਲਾਪ, ਭਾਈਚਾਰਕ ਅਤੇ ਇੱਕਜੁਟ-ਭਾਈਚਾਰੇ ਦੀ ਗਵਾਹੀ ਦੁਆਰਾ ਹੈ ਕਿ ਅੰਜੀਲ ਦੀ ਘੋਸ਼ਣਾ ਪੂਰੀ ਸੰਚਾਰ ਸ਼ਕਤੀ ਪ੍ਰਾਪਤ ਕਰਦੀ ਹੈ।

ਅਸੀਂ ਸਾਰੇ "ਇੱਕ ਪ੍ਰਭੂ, ਇੱਕ ਇਮਾਨ, ਇੱਕ ਬਪਤਿਸਮਾ, ਇੱਕ ਖ਼ੁਦਾ ਜੋ ਸਭ ਦਾ ਬਾਪ ਹੈ ਅਤੇ ਜੋ ਸਭ ਦੇ ਉੱਪਰ ਹੈ, ਸਭ ਦੇ ਨਾਲ ਅਤੇ ਸਭ ਦੇ ਵਿੱਚ ਹੈ" (ਅਫ਼ਸੀਆਂ 4:5-6) ਵਿੱਚ, ਇੱਕ ਮਿਸ਼ਨ ਵਿੱਚ ਸਾਂਝ ਰੱਖਦੇ ਹਾਂ। ਇਹ ਅਧਿਆਤਮਿਕਤਾ ਸਾਨੂੰ ਕਲੀਸੀਆ ਦੇ

ਪ੍ਰਚਾਰ ਕਾਰਜ ਦੇ, ਇੱਕ ਵਿਆਪਕ ਦ੍ਰਿਸ਼ਟੀਕੋਣ ਨੂੰ ਮੁੜ ਪ੍ਰਾਪਤ ਕਰਨ ਵਿੱਚ ਮਦਦ ਕਰਦੀ ਹੈ, ਅਤੇ ਧੜਿਆਂ ਦੀ ਸਿਰਜਨਾਂ ਨੂੰ ਦੂਰ ਕਰਨ ਵਿੱਚ ਮਦਦ ਕਰਦੀ ਹੈ।

ਇਹ ਕਹਿਣ ਦੀ ਲੋੜ ਨਹੀਂ ਕਿ ਮਿਸ਼ਨਰੀ ਏਤਾ ਨੂੰ ਇਕਸਾਰਤਾ ਵਜੋਂ ਨਹੀਂ ਸਮਝਿਆ ਜਾਣਾ ਚਾਹੀਦਾ, ਸਗੋਂ ਇਕੋ ਉਦੇਸ਼ ਲਈ ਵੱਖ-ਵੱਖ ਵਰਦਾਨਾਂ ਦੇ ਇਕੱਠ ਵਜੋਂ ਸਮਝਿਆ ਜਾਣਾ ਚਾਹੀਦਾ ਹੈ। ਪ੍ਰਚਾਰ ਉਦੋਂ ਪ੍ਰਾਪਤ ਹੁੰਦਾ ਹੈ ਜਦੋਂ ਸਥਾਨਿਕ ਭਾਈਚਾਰੇ ਇੱਕ-ਦੂਜੇ ਨਾਲ ਸਹਿਯੋਗ ਕਰਦੇ ਹਨ। ਇਸ ਲਈ ਮੈਂ ਚਰਚ ਦੀਆਂ ਸਾਰੀਆਂ ਸੰਸਥਾਵਾਂ ਨੂੰ ਈਸਾਈ ਮਿਸ਼ਨਰੀ ਭਾਈਚਾਰਿਕ ਸਾਂਝ ਦੀ ਆਪਣੀ ਭਾਵਨਾ ਨੂੰ ਮਜ਼ਬੂਤ ਕਰਨ ਅਤੇ ਮਿਸ਼ਨ ਲਈ ਅਤੇ ਮਿਸ਼ਨ ਵਿੱਚ ਇੱਕ ਦੂਜੇ ਨਾਲ ਸਹਿਯੋਗ ਕਰਨ ਦੇ ਰਚਨਾਤਮਕ ਅਤੇ ਠੋਸ ਤਰੀਕੇ ਵਿਕਸਤ ਕਰਨ ਲਈ ਉਤਸ਼ਾਹਿਤ ਕਰਦਾ ਹਾਂ।

3. ਪਿਆਰ ਦਾ ਮਿਸ਼ਨ - ਖ਼ੁਦਾ ਦੇ ਵਫ਼ਾਦਾਰ ਪਿਆਰ ਦਾ ਐਲਾਨ ਕਰਨਾ, ਉਸ ਅਨੁਸਾਰ ਜੀਣਾ ਅਤੇ ਉਸਨੂੰ ਸਾਂਝਾ ਕਰਨਾ

ਜੇਕਰ ਏਕਤਾ ਮਿਸ਼ਨ ਦੀ ਸ਼ਰਤ ਹੈ, ਤਾਂ ਪਿਆਰ ਇਸਦਾ ਸਾਰ ਹੈ। ਸੁਸਮਾਚਾਰ, ਜਿਸਦਾ ਦੁਨੀਆ ਨੂੰ ਐਲਾਨ ਕਰਨ ਲਈ, ਸਾਨੂੰ ਭੇਜਿਆ ਗਿਆ ਹੈ, ਉਹ ਕੋਈ ਕਾਲਪਨਿਕ ਆਦਰਸ਼ ਨਹੀਂ ਹੈ; ਇਹ ਖ਼ੁਦਾ ਦੇ ਵਫ਼ਾਦਾਰ ਪਿਆਰ ਦਾ ਸੁਸਮਾਚਾਰ ਹੈ, ਜੋ ਮਸੀਹ ਦੇ ਚਿਹਰੇ ਅਤੇ ਜੀਵਨ ਵਿੱਚ ਸਰੀਰ ਬਣ ਗਿਆ। ਚੇਲਿਆਂ ਅਤੇ ਸਮੁੱਚੇ ਤੌਰ ’ਤੇ ਚਰਚ ਦਾ ਮਿਸ਼ਨ ਪਵਿੱਤਰ ਆਤਮਾ ਵਿੱਚ ਮਸੀਹ ਦੇ ਮਿਸ਼ਨ ਨੂੰ ਜਾਰੀ ਰੱਖਣਾ ਹੈ - ਇੱਕ ਮਿਸ਼ਨ ਜੋ ਪਿਆਰ ਤੋਂ ਪੈਦਾ ਹੋਇਆ, ਪਿਆਰ ਵਿੱਚ ਰਿਹਾ, ਅਤੇ ਪਿਆਰ ਵੱਲ ਜਾਂਦਾ ਹੈ। ਅਸਲ ਵਿੱਚ, ਪ੍ਰਭੂ ਆਪਣੇ ਦੁੱਖਭੋਗ ਤੋਂ ਪਹਿਲਾਂ ਬਾਪ ਨੂੰ ਆਪਣੀ ਮਹਾਨ ਪ੍ਰਾਰਥਨਾ ਵਿੱਚ, ਆਪਣੇ ਚੇਲਿਆਂ ਵਿੱਚ ਏਕਤਾ ਦਾ ਸੱਦਾ ਦੇਣ ਤੋਂ ਬਾਅਦ ਕਹਿੰਦੇ ਹਨ, “ਮੈਂ ਉਹਨਾਂ ਨੂੰ ਤੇਰੇ ਨਾਮ ਤੋਂ ਜਾਣੂ ਕਰਾਇਆ ਹੈ, ਅਤੇ ਮੈਂ ਇਹ ਉਹਨਾਂ ਨੂੰ ਜਾਣੂ ਕਰਾਉਂਦਾ ਰਹਾਗਾ, ਤਾਂ ਜੋ ਜਿਸ ਪਿਆਰ ਨਾਲ ਤੂੰ ਮੈਨੂੰ ਪਿਆਰ ਕੀਤਾ ਹੈ, ਉਹ ਪਿਆਰ ਉਹਨਾਂ ਵਿੱਚ ਹੋਵੇ ਅਤੇ ਮੈਂ ਉਹਨਾਂ ਵਿੱਚ ਹੋਵਾਂ” (ਸੰਤ ਯੂਹੰਨਾਹ 17:26)।

ਮੈਂ ਅੱਜ ਦੇ ਪ੍ਰਚਾਰਕ ਮਿਸ਼ਨਰੀਆਂ ਦਾ ਵਿਸ਼ੇਸ਼ ਧੰਨਵਾਦ ਕਰਨਾ ਚਾਹੁੰਦਾ ਹਾਂ। ਸੇਂਟ ਫਰਾਂਸਿਸ ਜ਼ੇਵੀਅਰ ਵਾਂਗੂੰ, ਉਹਨਾਂ ਨੇ ਸੁਸਮਾਚਾਰ ਦਾ ਪ੍ਰਚਾਰ ਕਰਨ ਅਤੇ ਮਸੀਹ ਅਤੇ ਉਸਦੇ ਪਿਆਰ ਨੂੰ ਉਹਨਾਂ ਥਾਵਾਂ ’ਤੇ ਲਿਆਉਣ ਲਈ ਆਪਣਾ ਵਤਨ, ਆਪਣੇ ਪਰਿਵਾਰ ਅਤੇ

ਸੁਰੱਖਿਆ ਦੀ ਸਾਰੀ ਭਾਵਨਾ ਛੱਡ ਦਿੱਤੀ ਹੈ। ਮੁਸ਼ਕਲਾਂ ਅਤੇ ਮਨੁੱਖੀ ਸੀਮਾਵਾਂ ਦੇ ਬਾਵਜੂਦ, ਉਹ ਖੁਸ਼ੀ ਨਾਲ ਆਪਣੇ ਆਪ ਨੂੰ ਪੇਸ਼ ਕਰਦੇ ਹਨ, ਕਿਉਂਕਿ ਉਹ ਜਾਣਦੇ ਹਨ ਕਿ ਮਸੀਹ ਖੁਦ, ਅਤੇ ਉਸਦਾ ਸੁਸਮਾਚਾਰ, ਸਭ ਤੋਂ ਵੱਡਾ ਖਜ਼ਾਨਾ ਹੈ। ਆਪਣੀ ਲਗਨ ਦੁਆਰਾ ਉਹ ਦਰਸਾਉਂਦੇ ਹਨ ਕਿ ਖ਼ੁਦਾ ਦਾ ਪਿਆਰ ਸਾਰੀਆਂ ਰੁਕਾਵਟਾਂ ਤੋਂ ਪਾਰ ਹੈ। ਸੰਸਾਰ ਨੂੰ ਅੱਜ ਵੀ ਮਸੀਹ ਦੇ ਇਹਨਾਂ ਦਲੇਰ ਗਵਾਹਾਂ ਦੀ ਅਤੇ ਧਾਰਮਿਕ ਭਾਈਚਾਰਿਆਂ ਨੂੰ ਨਵੀਆਂ ਮਿਸ਼ਨਰੀ ਬੁਲਾਹਟਾਂ ਦੀ ਲੋੜ ਹੈ। ਸਾਨੂੰ ਖ਼ੁਦਾ ਬਾਪ ਅੱਗੇ ਲਗਾਤਾਰ ਪ੍ਰਾਰਥਨਾ ਕਰਨੀ ਚਾਹੀਦੀ ਹੈ ਕਿ ਉਹ ਸਾਨੂੰ ਨੌਜਵਾਨਾਂ ਅਤੇ ਬਾਲਗਾਂ ਦਾ ਤੋਹਫਾ ਦੇਵੇ ਜੋ ਧਰਤੀ ਦੇ ਸਿਰੇ ਤਕ ਵੀ ਮਸੀਹ ਦਾ ਸੁਸਮਾਚਾਰ ਸੁਣਾਉਣ ਲਈ ਸਭ ਕੁਝ ਪਿੱਛੇ ਛੱਡਣ ਲਈ ਤਿਆਰ ਹਨ। ਹਰ ਤੋਹਫਾ, ਭਾਵੇਂ ਕਿੰਨਾ ਵੀ ਛੋਟਾ ਕਿਉਂ ਨਾ ਹੋਵੇ, ਮਿਸ਼ਨਰੀ ਸੰਗਤ ਦਾ ਇੱਕ ਅਰਥਪੂਰਨ ਕਾਰਜ ਬਣ ਜਾਂਦਾ ਹੈ। ਮੈਂ "ਦੁਨੀਆ ਭਰ ਵਿੱਚ ਮਿਸ਼ਨਰੀਆਂ ਦੀ ਮਦਦ ਕਰਨ ਲਈ ਤੁਸੀਂ ਜੋ ਵੀ ਕਰੋਗੇ ਉਸ ਲਈ ਆਪਣੀ ਦਿਲੋਂ ਸ਼ੁਕਰਗੁਜ਼ਾਰੀ ਦਾ ਨਵੀਨੀਕਰਨ ਕਰਦਾ ਹਾਂ" (ਵਿਸ਼ਵ ਮਿਸ਼ਨ ਦਿਵਸ 2025, 19 ਅਕਤੂਬਰ 2025 ਲਈ ਵੀਡੀਓ ਸੰਦੇਸ਼)। ਅਧਿਆਤਮਿਕ ਸੰਗਤ ਨੂੰ ਉਤਸ਼ਾਹਿਤ ਕਰਨ ਲਈ, ਮੈਂ ਤੁਹਾਨੂੰ ਇਸ ਪ੍ਰਾਰਥਨਾ ਨਾਲ ਆਪਣਾ ਆਸ਼ੀਰਵਾਦ ਦਿੰਦਾ ਹਾਂ :

ਐ ਖ਼ੁਦਾ ਬਾਪ, ਸਾਨੂੰ ਮਸੀਹ ਵਿੱਚ ਇੱਕ ਬਣਾਓ, ਉਸਦੇ ਪਿਆਰ ਵਿੱਚ ਜੋੜੋ ਜੋ ਏਕਤਾ ਕਰਦਾ ਹੈ ਅਤੇ ਨਵਿਆਉਂਦਾ ਹੈ। ਚਰਚ/ਕਲੀਸੀਆ ਦੇ ਸਾਰੇ ਮੈਂਬਰ ਮਿਸ਼ਨ ਵਿੱਚ ਇੱਕਜੁੱਟ ਹੋਣ, ਪਵਿੱਤਰ ਆਤਮਾ ਦੇ ਅਧੀਨ ਹੋਣ, ਸੁਸਮਾਚਾਰ ਦੀ ਗਵਾਹੀ ਦੇਣ ਉਤਸ਼ਾਹਿਤ ਹੋਣ, ਸਾਰੇ ਜੀਵਾਂ ਲਈ ਆਪਣੇ ਵਫ਼ਾਦਾਰ ਪਿਆਰ ਦਾ ਐਲਾਨ ਕਰਨ। ਐ ਖ਼ੁਦਾ ਬਾਪ ਸਾਰੇ ਮਿਸ਼ਨਰੀ ਮਰਦਾਂ ਅਤੇ ਔਰਤਾਂ ਨੂੰ ਆਸ਼ੀਰਵਾਦ ਦਿਓ, ਉਹਨਾਂ ਦੇ ਯਤਨਾਂ ਵਿੱਚ ਸਹਾਇਤਾ ਪ੍ਰਦਾਨ ਕਰੋ ਅਤੇ ਦੇਖਭਾਲ ਕਰੋ।

ਮਿਸ਼ਨਰੀਆਂ ਦੀ ਰਾਣੀ, ਮਾਂ ਮਰੀਅਮ, ਧਰਤੀ ਦੇ ਹਰ ਕੋਨੇ ਵਿੱਚ ਸਾਡੇ ਪ੍ਰਚਾਰ ਦੇ ਕੰਮ ਵਿੱਚ ਸਾਥ ਦਿਓ; ਸਾਨੂੰ ਸ਼ਾਂਤੀ ਦੇ ਸਾਧਨ ਬਣਾਓ ਅਤੇ ਪ੍ਰਦਾਨ ਕਰੋ ਕਿ ਸਾਰਾ ਸੰਸਾਰ ਮਸੀਹ ਵਿੱਚ ਮੁਕਤੀਦਾਤਾ ਦੀ ਰੌਸ਼ਨੀ ਨੂੰ ਪਛਾਣ ਸਕੇ। ਆਮੀਨ।

ਵੈਟੀਕਨ ਤੋਂ 25 ਜਨਵਰੀ 2026 ਨੂੰ ਸੰਤ ਪੌਲ ਦੇ ਮਨ-ਪਰਿਵਰਤਨ ਦੀ ਈਦ ਅਤੇ
ਆਮ ਸਮੇਂ ਦੇ ਤੀਸਰੇ ਐਤਵਾਰ ਨੂੰ ਜਾਰੀ
ਲਿਓ ਪੀ ਪੀ 14ਵੇਂ